ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ- 2 ਸ਼ਾਖਾ)
ਹੁਕਮ

**ਸ੍ਰੀ ਭੁਪਿੰਦਰ ਸਿੰਘ ਚੱਕਲ, ਵੋਕੇਸ਼ਨ ਮਾਸਟਰ (ਲੈਕਚਰਾਰ) (ਹੁਣ ਬਰਖਾਸਤ)** ਸਸਸਸ, ਮੁਲਾਂਪੁਰ (ਲੜਕੇ) ਮੋਹਾਲੀ ਜਿਸ ਵਲੋਂ ਮਿਤੀ 3.1.04 ਤੋਂ ਮਿਤੀ 27.4.04 ਅਤੇ ਮਿਤੀ 5-7-04 ਤੋਂ ਮਿਤੀ 27-2-06 ਤੱਕ ਅਣ-ਅਧਿਕਾਰਤ ਤੌਰ ਤੇ ਡਿਊਟੀ ਤੋਂ ਗੈਰ ਹਾਜਰ ਰਿਹਾ ਹੈ। ਡੀ.ਪੀ.ਆਈ.(ਸੈ.ਸਿ.) ਪੰਜਾਬ ਸਟੇਟ ਐਜੂਕੇਸਨ ਕਲਾਸ -3 (ਸਕੂਲ ਕਾਡਰ) ਸਰਵਿਸ ਰੂਲਜ, 1978 ਦੇ ਰੂਲ 16 ਅਧੀਨ ਛਪੇ ਅਪੈਂਡਿਕਸ-ਡੀ ਅਨੁਸਾਰ ਲੈਕਚਰਾਰਾਂ ਦੇ ਕੇਸ ਵਿੱਚ ਸਜਾ ਕਰਤਾ ਅਧਿਕਾਰੀ ਵਜੋਂ ਉਹਨਾਂ ਵਲੋਂ ਆਪਣੇ ਪੱਤਰ ਨੰ: 8/11/05 ਵੋਕ (3), ਮਿਤੀ 16-8-1985 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 8 ਅਧੀਨ ਦੋਸ ਸੂਚੀ ਜਾਰੀ ਕੀਤੀ ਗਈ ਸੀ। ਇਸ ਮਾਮਲੇ ਦੀ ਪੜਤਾਲ ਰਿਪੋਰਟ ਸ੍ਰੀ ਪੀ.ਸੀ. ਗੁਪਤਾ , ਪ੍ਰਿੰਸੀਪਲ, ਸਸਸਸ , ਮੁਲਾਂਪੁਰ (ਮੋਹਾਲੀ) ਨੇ ਆਪਣੇ ਪੱਤਰ ਨੰ: 788 , ਮਿਤੀ 30-10-2006 ਰਾਹੀਂ ਪੇਸ ਕਰਦੇ ਹੋਏ ਹੇਠ ਲਿਖੇ ਅਨੁਸਾਰ ਸਿੱਟਾ ਕਢਿਆ ਸੀ:-

> **ਸ੍ਰੀ ਭੁਪਿੰਦਰ ਸਿੰਘ ਚੱਕਲ, ਵੋਕੇਸ਼ਨ ਲੈਕਚਰਾਰ ਮਿਤੀ 3.1.04 ਤੋਂ ਮਿਤੀ 27.4.04 ਅਤੇ ਮਿਤੀ 5-7-04 ਤੋਂ ਮਿਤੀ 27-2-06 ਤੱਕ ਗੈਰ ਹਾਜਰ ਰਿਹਾ। ਇਸ ਤਰਾਂ ਪੜਤਾਲ ਰਿਪੋਰਟ ਅਨੁਸਾਰ ਕਰਮਚਾਰੀ ਵਿਰੁਧ ਡਿਊਟੀ ਤੋਂ ਜਾਣਬੁਝ ਕੇ ਗੈਰ ਹਾਜਰ ਰਹਿਣ ਦਾ ਦੋਸ਼ ਸਾਬਤ ਹੁੰਦਾ ਹੈ।**

2. ਇਸ ਦੇ ਸਨਮੁੱਖ ਡਾਇਰੈਕਟਰ, ਸਿਖਿਆ ਵਿਭਾਗ (ਸੈ.ਸਿ.) ਪੰਜਾਬ ਨੇ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 8 ਅਧੀਨ ਸਾਰੀਆਂ ਕਾਰਵਾਈਆਂ ਮੁਕੰਮਲ ਕਰਕੇ ਆਪਣੇ ਪੱਤਰ 8/11/05 ਵੋਕ (3), ਮਿਤੀ 3-12-2008 ਰਾਹੀਂ ਇਸ ਕਰਮਚਾਰੀ ਦੀਆਂ ਸੇਵਾਵਾਂ ਖਤਮ ਕਰ ਦਿੱਤੀਆ ਸਨ।

3. ਇਹਨਾਂ ਹੁਕਮਾਂ ਦੇ ਵਿਰੁਧ ਸ੍ਰੀ ਭੁਪਿੰਦਰ ਸਿੰਘ ਵਲੋਂ ਅਪੀਲ ਪੇਸ ਕੀਤੀ ਸੀ , ਜਿਸ ਨੂੰ ਵਿਚਾਰਦੇ ਅਤੇ ਇਸ ਨੂੰ ਮਿਤੀ 15-1-2015 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ । ਨਿੱਜੀ ਸੁਣਵਾਈ ਦੌਰਾਨ ਕਰਮਚਾਰੀ ਵਲੋਂ ਸੇਵਾਵਾਂ ਖਤਮ ਕਰਨ ਦੇ ਹੁਕਮਾਂ ਵਿਰੁਧ ਅਪੀਲ ਸਬੰਧੀ ਜੋ ਤੱਥ ਪੇਸ਼ ਕੀਤੇ , ਉਹਨਾਂ ਵਿੱਚ ਕੋਈ ਸਚਾਈ ਨਜਰ ਨਹੀਂ ਆਈ। ਇਸ ਤੋਂ ਇਲਾਵਾ ਕਰਮਚਾਰੀ ਆਪਣੇ ਪੱਖ ਵਿੱਚ ਕੋਈ ਠੋਸ ਦਲੀਲ ਵੀ ਪੇਸ ਨਹੀਂ ਕਰ ਸਕਿਆ ।

ਉਪਰੋਕਤ ਦੇ ਸਨਮੁੱਖ ਮੈਂ ਸੀ.ਰਾਊਲ ਆਈ.ਏ.ਐਸ. ਪ੍ਰਮੁੱਖ ਸਕੱਤਰ ਸਕੂਲ ਸਿਖਿਆ ਸ੍ਰੀ ਭੁਪਿੰਦਰ ਸਿੰਘ, ਲੈਕਚਰਾਰ ਵੋਕੇਸਨਲ (ਬਰਖਾਸਤ) ਵਲੋਂ ਪੇਸੀ ਕੀਤੀ ਅਪੀਲ ਮਿਤੀ 02-02-09 ਵਿੱਚ ਕੋਈ ਵਜਨ ਨਾ ਹੋਣ ਕਾਰਨ ਇਹ ਅਪੀਲ ਅਤੇ ਇਸ ਮਾਮਲੇ ਸਬੰਧੀ ਹੋਰ ਪ੍ਰਾਪਤ ਅਪੀਲਾਂ /ਪੱਤਰ ਰੱਦ ਕਰਦਾ ਹਾਂ ।

ਮਿਤੀ, ਚੰਡੀਗੜ੍ਹ
8.1 .2015

**ਸੀ.ਰਾਊਲ, ਆਈ.ਏ.ਐਸ.**
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਸਕੂਲ ਸਿਖਿਆ ਵਿਭਾਗ।

ਪਿਠ ਅੰਕਣ ਨੰ: 12/30/09-(2ਸਿ3)5ਸਿ2/ 4011-2 ਮਿਤੀ 28-1-15

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਸਿਖਿਆ ਵਿਭਾਗ (ਸੈ.ਸਿ.) ਪੰਜਾਬ।
2. ਡੀ.ਜੀ.ਐਸ.ਈ. ਪੰਜਾਬ ਨੂੰ ਵੈਬ-ਸਾਈਟ ਤੇ ਅਪਲੋਡ ਕਰਨ ਹਿੱਤ।
3. ਜਿਲ੍ਹਾ ਸਿਖਿਆ ਅਫਸਰ (ਸੈ. ਸਿ.) ਸਹਿਬਜਾਦਾ ਅਜੀਤ ਸਿੰਘ ਨਗਰ।

ਰਜਿ. 4. **ਸ੍ਰੀ ਭੁਪਿੰਦਰ ਸਿੰਘ ਚੱਕਲ,ਸਾਬਕਾ ਵੋਕੇਸ਼ਨਲ ਲੈਕਚਰਾਰ,ਮਕਾਨ ਨੰ: 2957, ਸ਼ਨੀ ਇਨਕਲੇਵ, ਐਕ:6, ਖਰੜ, ਜਿਲ੍ਹਾ ਮੋਹਾਲੀ।**

ਸੁਪਰਡੰਟ

ਅੰਦਰੂਨੀ ਵੰਡ ਅਧੀਨ:-

1. ਨਿੱਜੀ ਸਕੱਤਰ/ ਸਕੂਲ ਸਿਖਿਆ ਮੰਤਰੀ ਪੰਜਾਬ।
2. ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ, ਸਕੂਲ ਸਿਖਿਆ ਪੰਜਾਬ।
3. ਨਿੱਜੀ ਸਹਾਇਕ/ਸਪੈ. ਸਕੱਤਰ ਸਕੂਲ ਸਿਖਿਆ ।
4. ਰਿਕਾਰਡਰ ਸਿਖਿਆ-2 ਸਾਖਾ।

O/o DGSE Cum SPD
Sarva Shiksha ... Authority (Pb)
Central Dair
No. 4271 6/2/15